# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),ਪੰਜਾਬ।
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।
ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ: ਸਸਅ/ਐਮਸੀ/2016/ 12400
ਮਿਤੀ : 19-8-2016

ਵਿਸ਼ਾ:- **ਊਰਜਾ ਸੁਰੱਖਿਅਣ ਸਬੰਧੀ ਰਾਜ ਪੱਧਰੀ ਪੇਂਟਿੰਗ ਕੰਪੀਟੀਸ਼ਨ-2016 ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਚੌਥੀ ਤੋਂ ਛੇਵੀਂ ਅਤੇ ਸਤਵੀਂ ਤੋਂ ਨੌਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ ਊਰਜਾ ਸੁਰੱਖਿਅਣ ਸਬੰਧੀ ਪੇਂਟਿੰਗ ਮੁਕਾਬਲਾ ਕਰਵਾਇਆ ਜਾ ਰਿਹਾ ਹੈ, ਤਾਂ ਜੋ ਵਿਦਿਆਰਥੀਆਂ ਨੂੰ ਉਰਜਾ ਸੁੱਰਖਿਅਣ ਪ੍ਰਤੀ ਬਚਪਨ ਤੋਂ ਹੀ ਜਾਗਰੂਕ ਕੀਤਾ ਜਾ ਸਕੇ।

2.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਸਾਰੇ ਸਰਕਾਰੀ, ਪ੍ਰਾਈਵੇਟ ਅਤੇ ਏਡਿਡ ਸਕੂਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਇਸ ਮੁਕਾਬਲੇ ਵਿੱਚ participate ਕਰਵਾਉਣ। ਇਹ ਮੁਕਾਬਲਾ ਹੇਠ ਲਿਖੇ ਤਿੰਨ ਪੱਧਰਾਂ ਤੇ ਕਰਵਾਇਆ ਜਾਵੇਗਾ:-

1) ਸਕੂਲ ਪੱਧਰ
2) ਰਾਜ ਪੱਧਰ
3) ਕੌਮੀ ਪੱਧਰ

3.0 **ਇਸ ਮੁਕਾਬਲੇ ਸਬੰਧੀ ਹਦਾਇਤਾਂ ਇਸ ਪ੍ਰਕਾਰ ਹਨ :-**

1) ਸਕੂਲ ਲੇਵਲ ਪੇਂਟਿੰਗ ਕੰਪੀਟੀਸ਼ਨ 2016 ਵਿੱਚ ਦੋ ਕੈਟਾਗਰੀਆ ( A ਅਤੇ B) ਹੋਣਗੀਆਂ। ਕੈਟਾਗਰੀ 'A' ਲਈ ਚੌਥੀ ਤੋਂ ਛੇਵੀਂ ਅਤੇ ਕੈਟਾਗਰੀ 'B' ਵਿੱਚ ਸਤਵੀਂ ਤੋਂ ਨੌਵੀਂ ਜਮਾਤਾਂ ਦੇ ਵਿਦਿਆਰਥੀ ਭਾਗ ਲੈਣਗੇ।

2) ਸਕੂਲ ਮੁੱਖੀ/ ਪ੍ਰਿੰਸੀਪਲ ਆਪਣੇ ਪੱਧਰ ਤੇ ਦਿਨ ਮੁਕਰੱਰ ਕਰਕੇ ਇਹ ਮੁਕਾਬਲਾ conduct ਕਰਵਾਉਣਗੇ ਅਤੇ ਇਸ ਮੁਕਾਬਲੇ ਲਈ ਸਮਾਂ 2 ਘੰਟੇ ਦਾ ਹੋਵੇਗਾ। ਵਿਦਿਆਰਥੀ ਪੇਂਟਿੰਗ ਮੁਕਾਬਲੇ ਵਾਲੇ ਦਿਨ ਕਿਸੇ ਵੀ ਸਾਈਜ਼ ਦਾ ਪੇਪਰ ਵਰਤ ਸਕਦੇ ਹਨ, ਪਰ A4 ਸਾਈਜ਼ (210 mm× 297 mm) ਦੀ ਡਰਾਇੰਗ ਸ਼ੀਟ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ। ਵਿਦਿਆਰਥੀ ਆਪਣੇ ਨਾਲ ਪੈਨਸਿਲ, ਪੈਨਸਿਲ ਰੰਗ, Crayaons, Water Colour ਵਰਤ ਸਕਦੇ ਹਨ। ਵਿਦਿਆਰਥੀਆਂ ਨੂੰ ਹੇਠ ਲਿਖੇ ਪੁਆਇੰਟ ਦੱਸਣੇ ਬਣਦੇ ਹਨ:-

- Relevance of the theme depicting the selected topic.
- Execution of concept/ theme
- Overall visual appeal, handling of given space and use of appropriate colour combination.

3) ਸਕੂਲ ਮੁੱਖੀ/ ਪ੍ਰਿੰਸੀਪਲ ਪੇਂਟਿੰਗ ਮੁਕਾਬਲਾ ਆਪਣੇ ਪੱਧਰ ਤੇ ਵੱਖ-ਵੱਖ ਕੈਟਾਗਰੀ (A ਅਤੇ B) ਅਨੁਸਾਰ 26 ਅਗਸਤ ਤੋਂ 29 ਸਤੰਬਰ, 2016 ਤੱਕ ਕਿਸੇ ਵੀ ਇੱਕ ਦਿਨ conduct ਕਰਵਾ ਸਕਦੇ ਹਨ।

4) ਪੇਂਟਿੰਗ ਮੁਕਾਬਲੇ ਦਾ ਟਾਪਿਕ ਹੇਠ ਲਿਖਿਆਂ ਵਿੱਚ ਕੋਈ ਵੀ ਹੋ ਸਕਦਾ ਹੈ:

| Proposed Theme Topics<br>School Level | |
|---|---|
| Category 'A'<br>(4th, 5th & 6th Standards) | Category 'B'<br>(7th, 8th & 9th Standards) |
| Save a watt to save a lot | Energy Conservation a smart step towards Smart Cities |
| ਆਉ ਸਭ ਮਿਲ ਕੇ ਬਿਜਲੀ ਬਚਾਈਏ ਪ੍ਰਗਤੀ ਦੇ ਭਾਗੀ ਬਣ ਜਾਈਏ। | Reduce Carbon Footprint |
| Be aware. Use Energy with Care | Save the Polar go solar |

| ਵਿਸ਼ਾ<br>ਸਕੂਲ ਪੱਧਰ | |
|---|---|
| **ਕੈਟਾਗਰੀ 'A'<br>ਚੌਥੀ, ਪੰਜਵੀਂ ਅਤੇ ਛੇਵੀਂ ਜਮਾਤਾਂ ਲਈ** | **ਕੈਟਾਗਰੀ 'B'<br>ਸਤੱਵੀਂ, ਅੱਠਵੀਂ ਅਤੇ ਨੌਵੀਂ ਜਮਾਤਾਂ ਲਈ** |
| ਹਰ ਇੱਕ ਵਾਟ ਬਚੇ, ਊਰਜਾ ਸਮਰਿਧੀ ਵਧੇ | ਊਰਜਾ ਦਾ ਸੁਰੱਖਣ ਵਿਵਸਥਿਤ ਸ਼ਹਿਰ ਵੱਲ ਉਚਿਤ ਕਦਮ |
| ਆਉ ਸਭ ਮਿਲ ਕੇ ਬਿਜਲੀ ਬਚਾਈਏ ਪ੍ਰਗਤੀ ਦੇ ਭਾਗੀ ਬਣ ਜਾਈਏ। | ਕਾਰਬਨ ਪਦ ਚਿੰਨ੍ਹ ਘਟਾਈਏ |
| ਜਾਗਰੂਕ ਬਣੀਏ ਊਰਜਾ ਦਾ ਸਹੀ ਉਪਯੋਗ ਕਰੀਏ | ਸੌਰ ਊਰਜਾ ਅਪਣਾਈਏ, ਧਰੁਵ ਬਚਾਈਏ |

5) ਸਕੂਲ ਮੁੱਖੀ/ ਪ੍ਰਿੰਸੀਪਲ ਕੈਟਾਗਰੀ ਏ ਅਤੇ ਕੈਟਾਗਰੀ ਬੀ ਵਿੱਚੋਂ ਚੁਣੀਆਂ ਗਈਆਂ ਅਲੱਗ-ਅਲੱਗ ਦੋ ਵਧੀਆ ਪੇਟਿੰਗਾਂ ਨੂੰ ਮਿਤੀ 30 ਸਤੰਬਰ, 2016 ਤੱਕ ਨੋਡਲ ਅਫ਼ਸਰ ਨੂੰ ਹੇਠ ਲਿਖੇ ਪਤੇ ਤੇ ਭੇਜਣਗੇ :-

Er. Balvir Singh Sinhmar
Director/ HRD & Consultancy
-cum-Nodal Officer
BBMB, Plot No. 6-B,
Sector - 19 B, Chandigarh
Mobile No. 09417216042

6) ਸਬੰਧਤ ਸਕੂਲ ਮੁੱਖੀ/ ਪ੍ਰਿੰਸੀਪਲ ਸਕੂਲ ਵਿੱਚ ਕੈਟਾਗਰੀ ਵਾਈਜ਼ (ਏ ਅਤੇ ਬੀ ਅਲੱਗ-ਅਲੱਗ) ਕਿੰਨੇ ਵਿਦਿਆਰਥੀਆਂ ਨੇ ਭਾਗ ਲਿਆ, ਇਸ ਦੀ ਸੂਚਨਾਂ ਮੁਕਾਬਲੇ ਤੋਂ ਤੁਰੰਤ ਬਾਅਦ ਪੱਤਰ ਨਾਲ ਨੱਥੀ ਪ੍ਰੋਫਾਰਮੇ -2 (ਵੱਖ-ਵੱਖ ਕੈਟਾਗਰੀ) ਅਨੁਸਾਰ ਉਪਰੋਕਤ ਲਿਖੇ ਪਤੇ ਤੇ ਨੋਡਲ ਅਫਸਰ (BBMB) ਨੂੰ ਭੇਜਣਾ ਯਕੀਨੀ ਬਣਾਇਆ ਜਾਵੇ। ਇਸਦਾ ਇੱਕ ਉਤਾਰਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ./ਸੈ.ਸਿ.) ਨੂੰ ਵੀ ਭੇਜਿਆ ਜਾਵੇ।

7) ਭੇਜੀ ਜਾਣ ਵਾਲੀ ਪੇਟਿੰਗ ਦੇ ਪਿਛਲੇ ਪਾਸੇ ਹੇਠ ਲਿਖੀਆਂ ਸੂਚਨਾਵਾਂ ਜਰੂਰ ਲਿਖੀਆਂ ਜਾਣ :

| | |
|---|---|
| Name of the Student | Father's/ Mother's Name |
| Tel/Mobile No. of Parents | Category |
| Standard | Roll No. |
| School name and postal address | Govt. School in Rural area (Write yes or No) |
| State | School Tel. No. / Mobile No/ |
| Signature of School Principal | |

8) ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਕੂਲ ਮੁੱਖੀ / ਪ੍ਰਿੰਸੀਪਲ ਅਤੇ Director General Bureau of Energy Efficiency, Ministry of Power (Government of India) ਵੱਲੋਂ ਹਸਤਾਖਰ ਕੀਤੇ ਸਰਟੀਫਿਕੇਟ ਦਿੱਤੇ ਜਾਣਗੇ ਅਤੇ ਪਹਿਲੇ ਦੋ ਉੱਤਮ ਪੇਟਿੰਗ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ ਵੀ ਦਿੱਤਾ ਜਾਵੇਗਾ।

9) ਜਿਹੜੀਆਂ ਪੇਟਿੰਗਾਂ ਸਕੂਲ ਮੁੱਖੀ/ਪ੍ਰਿੰਸੀਪਲ ਦੇ ਹਸਤਾਖਰਾਂ ਤੋਂ ਬਿਨ੍ਹਾਂ ਜਾਂ ਸਿੱਧੇ ਵਿਦਿਆਰਥੀਆਂ ਦੇ ਮਾਪਿਆਂ ਦੁਆਰਾ ਭੇਜੀਆਂ ਜਾਣਗੀਆਂ, ਉਹ ਮੰਜੂਰ ਨਹੀਂ ਕੀਤੀਆਂ ਜਾਣਗੀਆਂ।

10) ਚੁਣੀ ਹੋਈ ਪੇਟਿੰਗ ਕੇਵਲ ਨੋਡਲ ਅਫ਼ਸਰ (Er. Balvir Singh Sinhmar) ਦੇ ਪਤੇ ਤੇ ਹੀ ਭੇਜੀਆਂ ਜਾਣ ਨਾ ਕਿ Ministry of Power and Bureau of Energy Efficiency ਦੇ ਪਤੇ ਤੇ ਅਤੇ ਨਾ ਹੀ ਮੁੱਖ ਦਫ਼ਤਰ ਦੇ ਪੱਤੇ ਤੇ।

11) ਜਿਨ੍ਹਾਂ ਸਕੂਲਾਂ ਵਿੱਚ ਦੋਵੇ ਕੈਟਾਗਰੀਆਂ (A ਅਤੇ B) ਵਿੱਚੋਂ 100% ਵਿਦਿਆਰਥੀ ਉੱਕਤ ਪੇਟਿੰਗ ਮੁਕਾਬਲੇ ਵਿੱਚ ਹਿੱਸਾ ਲੈਣਗੇ, ਉਹਨਾਂ ਦੇ ਨਾਮ ਉਚੇਚੇ ਤੌਰ ਤੇ Bureau of Energy Efficiency ਵੱਲੋਂ ਤਿਆਰ ਕੀਤੇ ਜਾਣ ਵਾਲੀ Painting Competition Booklet ਵਿੱਚ ਦਰਜ ਕੀਤੇ ਜਾਣਗੇ।

12) ਪਿਛਲੇ ਦੋ ਸਾਲਾਂ (2014 & 2015) ਤੋਂ ਰਾਜ ਪੱਧਰ ਤੇ ਪਹਿਲੇ, ਦੂਜੇ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਕੇਵਲ ਸਕੂਲ ਪੱਧਰੀ ਮੁਕਾਬਲੇ ਵਿੱਚ ਭਾਗ ਲੈ ਸਕਦੇ ਹਨ। ਸਕੂਲ ਮੁੱਖੀਆਂ/ਪ੍ਰਿੰਸੀਪਲਾਂ ਦੁਆਰਾ ਇਹਨਾਂ ਵਿਦਿਆਰਥੀਆਂ ਦੀ ਪੇਟਿੰਗ ਚੁਣ ਕੇ ਰਾਜ ਪੱਧਰੀ ਮੁਕਾਬਲੇ ਲਈ ਨਾ ਭੇਜੀ ਜਾਵੇ। ਰਨਰ-ਅੱਪ ਵਿਦਿਆਰਥੀ ਰਾਜ ਪੱਧਰੀ ਪੇਟਿੰਗ ਮੁਕਾਬਲੇ ਵਿੱਚ ਭਾਗ ਲੈ ਸਕਦੇ ਹਨ ਅਤੇ ਰਾਜ ਪੱਧਰ ਤੇ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਦੇ ਇਨਾਮ ਲਈ ਵਿਚਾਰੇ ਜਾ ਸਕਦੇ ਹਨ।

**ਰਾਜ ਪੱਧਰੀ ਮੁਕਾਬਲੇ ਦੀ ਇਨਾਮਾਂ ਦੀ ਵੰਡ ਇਸ ਪ੍ਰਕਾਰ ਹੈ:-**

| ਲੜੀ ਨੰ. | ਇਨਾਮ | ਕੈਟਾਗਰੀ- A | ਕੈਟਾਗਰੀ- B |
|---|---|---|---|
| 1 | ਪਹਿਲਾ | Rs 20,000/- | Rs 20,000/- |
| 2 | ਦੂਸਰਾ | Rs 15,000/- | Rs 15,000/- |
| 3 | ਤੀਸਰਾ | Rs. 10,000/- | Rs. 10,000/- |
| 4 | Consolation (10 nos.) | Rs. 5000/- | Rs. 5000/- |

**ਕੌਮੀ ਪੱਧਰ ਤੇ ਕੈਟਾਗਰੀ -ਏ ਲਈ ਇਨਾਮਾਂ ਦੀ ਵੰਡ ਇਸ ਪ੍ਰਕਾਰ ਹੈ:-**

| ਲੜੀ ਨੰ. | ਇਨਾਮ | ਇਨਾਮਾਂ ਦੀ ਸੰਖਿਆ | ਰਕਮ |
|---|---|---|---|
| 1 | ਪਹਿਲਾ | ( 1 no) | Rs 1,00,000/- |
| 2 | ਦੂਸਰਾ | (4 nos) | Rs 50,000/- |
| 3 | ਤੀਸਰਾ | (8 nos) | Rs. 25,000/- |
| 4 | Consolation (10 nos.) | (10 nos) | Rs. 10,000/- |

ਇਸ ਤੋਂ ਇਲਾਵਾ Bureau of Energy Efficiency (BEE) ਵੱਲੋਂ 10 ਚੁਣੀਆਂ ਹੋਈਆਂ ਪੇਟਿੰਗਾਂ ਨੂੰ BEE Prize ਵੱਜੋਂ 10,000/- ਰੁਪਏ ਪ੍ਰਤੀ ਪੇਟਿੰਗ ਦੇਣ ਬਾਰੇ ਲਿਖਿਆ ਗਿਆ ਹੈ।

**ਕੌਮੀ ਪੱਧਰ ਤੇ ਕੈਟਾਗਰੀ-ਬੀ ਲਈ ਇਨਾਮਾਂ ਦੀ ਵੰਡ ਇਸ ਪ੍ਰਕਾਰ ਹੈ :-**

| ਲੜੀ ਨੰ. | ਇਨਾਮ | ਇਨਾਮਾਂ ਦੀ ਸੰਖਿਆ | ਰਕਮ |
|---|---|---|---|
| 1 | ਪਹਿਲਾ | ( 1 no) | Rs 1,00,000/- |
| 2 | ਦੂਸਰਾ | (2 nos) | Rs 50,000/- |
| 3 | ਤੀਸਰਾ | (3 nos) | Rs. 25,000/- |
| 4 | Consolation (10 nos.) | (6 nos) | Rs. 10,000/- |

ਨੋਟ:- 1) ਸਾਰੇ ਪੱਧਰ ਦੇ ਪੇਟਿੰਗ ਕੰਪੀਟੀਸ਼ਨ ਵਿੱਚ Jury Member/expert committee ਵੱਲੋਂ ਲਿਆ ਗਿਆ ਫੈਸਲਾ ਫਾਈਨਲ ਹੋਵੇਗਾ।

2) ਪੇਟਿੰਗ ਕੰਪੀਟੀਸ਼ਨ ਵਿੱਚ Collage / Patchwork ਦੀ ਵਰਤੋਂ ਕਰਨ ਦੀ ਆਗਿਆ ਨਹੀਂ ਹੋਵੇਗੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ

ਪਿੱਠ ਅੰਕਣ ਨੰ. ਸਸਅ/ਐਮਸੀ/2016/ 12501 ਮਿਤੀ 19-8-2016

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ. (ਸੈ.ਸਿ. ਅਤੇ ਐ.ਸਿ.), ਪੰਜਾਬ।
2. ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।
3. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ